# PRESS COVERAGE

# Model Youth Parliament held at Modi College

# 23.08.2022

ਅਜੀਤ
ਮੰਗਲਵਾਰ, 23 ਅਗਸਤ 2022



ਪਟਿਆਲਾ ਦੇ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਮਾਡਲ ਯੂਥ ਪਾਰਲੀਮੈਂਟ ਦੌਰਾਨ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਵਿਦਿਆਰਥੀ। ਅਜੀਤ ਤਸਵੀਰ

# ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਮਾਡਲ ਯੂਥ ਪਾਰਲੀਮੈਂਟ ਕਰਵਾਈ

ਪਟਿਆਲਾ, 22 ਅਗਸਤ (ਗੁਰਪ੍ਰੀਤ ਸਿੰਘ ਚੱਠਾ)-ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਦੇ ਅੰਗਰੇਜ਼ੀ ਵਿਭਾਗ ਵਲੋਂ ਵਿਦਿਆਰਥੀਆਂ ਲਈ ਇਕ ਮਾਡਲ ਯੂਥ ਪਾਰਲੀਮੈਂਟ ਕਰਵਾਈ ਗਈ। ਇਸ ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਨੂੰ ਇਕ ਅਜਿਹਾ ਪਲੇਟਫ਼ਾਰਮ ਮੁਹੱਈਆ ਕਰਵਾਇਆ ਗਿਆ ਜਿੱਥੇ ਉਨ੍ਹਾਂ ਨੇ ਖ਼ੁਦ ਨੂੰ ਸੰਸਦ ਦੇ ਮੈਂਬਰਾਂ ਦੇ ਸਥਾਨ 'ਤੇ ਰੱਖ ਕੇ ਵੱਖ-ਵੱਖ ਚਲੰਤ ਮੁੱਦਿਆਂ ਤੇ ਹੁੰਦੇ ਸੈਸ਼ਨਾਂ ਦੌਰਾਨ ਬਹਿਸਾਂ, ਮਤਿਆਂ ਦੀ ਪੇਸ਼ਕਾਰੀ ਅਤੇ ਦਲੀਲਾਂ ਵਿਚ ਸਜੀਵ ਰੂਪ ਵਿਚ ਭਾਗ ਲਿਆ ਤੇ ਨੀਤੀਆਂ ਬਣਾਉਣ ਦੀ ਕਾਰਵਾਈ ਚਲਾਈ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਭਾਰਤੀ ਪਾਰਲੀਮੈਂਟ ਇਸ ਤੱਥ ਦੀ ਸ਼ਾਨਦਾਰ ਉਦਾਹਰਨ ਹੈ ਕਿ ਭਾਰਤ ਵਰਗਾ ਇੰਨੀਆਂ ਵਿਭਿੰਨਤਾਵਾਂ, ਵਖਰੇਵਿਆਂ ਤੇ ਸ਼੍ਰੇਣੀਆਂ-ਵਰਗਾਂ ਵਾਲਾ ਮੁਲਕ ਆਪਣੀਆਂ ਨੀਤੀਆਂ ਤੇ ਪ੍ਰੋਗਰਾਮਾਂ ਦਾ ਨਿਰਮਾਣ ਕਿਵੇਂ ਕਰਦਾ ਹੈ। ਉਨ੍ਹਾਂ ਨੇ ਸੰਵਿਧਾਨਿਕ ਮੁੱਲਾਂ ਤੇ ਆਜ਼ਾਦੀ-ਸੰਗਰਾਮ ਦੀਆਂ ਕਦਰਾਂ-ਕੀਮਤਾਂ ਨੂੰ ਯਾਦ ਰੱਖਣ ਦਾ ਸੱਦਾ ਦਿੱਤਾ। ਇਸ ਮੌਕੇ ਪਹੁੰਚੇ ਪ੍ਰੋ. ਬਲਵੀਰ ਸਿੰਘ ਸਾਬਕਾ ਪ੍ਰੋਫੈਸਰ ਪੰਜਾਬੀ ਵਿਭਾਗ ਨੇ ਕਿਹਾ ਕਿ ਅੱਜ ਦਾ ਨੌਜਵਾਨ ਕੱਲ੍ਹ ਦਾ ਨੇਤਾ ਹੈ ਅਤੇ ਵਿਦਿਆਰਥੀਆਂ ਨੂੰ ਭਾਰਤ ਦੇ ਚੋਣ-ਪ੍ਰਬੰਧ ਤੇ ਸੰਸਦੀ-ਪ੍ਰਣਾਲੀ ਬਾਰੇ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ। ਕਾਲਜ ਦੇ ਵਾਈਸ-ਪ੍ਰਿੰਸੀਪਲ ਪ੍ਰੋ. ਸ਼ੈਲੇਂਦਰਾ ਸਿੱਧੂ ਨੇ ਵਿਦਿਆਰਥੀਆਂ ਨੂੰ ਇਸ ਜਾਣਕਾਰੀ ਭਰਪੂਰ ਸੈਸ਼ਨ ਆਯੋਜਿਤ ਕਰਨ ਲਈ ਵਧਾਈ ਦਿੱਤੀ। ਕਾਲਜ ਦੇ ਡੀਨ, ਸਟੂਡੈਂਟ ਭਲਾਈ ਪ੍ਰੋ. ਵੇਦ ਪ੍ਰਕਾਸ਼ ਸ਼ਰਮਾ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਸੰਸਦ ਦੇ ਕੰਮ-ਕਾਜ ਬਾਰੇ ਵਿਸਥਾਰ 'ਚ ਜਾਣਕਾਰੀ ਪ੍ਰਦਾਨ ਕਰਨ ਦਾ ਕੰਮ ਕਰਦੇ ਹਨ। ਇਸ ਮੌਕੇ ਪ੍ਰੋ. ਸ਼ੈਲੇਂਦਰਾ ਸਿੱਧੂ, ਪ੍ਰੋ. ਵੇਦ ਪ੍ਰਕਾਸ਼ ਸ਼ਰਮਾ ਨਾਲ ਜੱਜ ਦੀ ਭੂਮਿਕਾ ਨਿਭਾ ਰਹੇ ਪ੍ਰੋ. ਜਗਦੀਪ ਕੌਰ ਨੇ ਕਿਹਾ ਕਿ ਇਸ ਸੈਸ਼ਨ ਦੌਰਾਨ ਵਿਦਿਆਰਥੀਆਂ ਦੁਆਰਾ ਉਠਾਏ ਰਾਸ਼ਟਰੀ ਮੁੱਦੇ ਬੇਹੱਦ ਮਹੱਤਵਪੂਰਨ ਹਨ ਤੇ ਧਿਆਨ ਦੀ ਮੰਗ ਕਰਦੇ ਹਨ। ਇਸ ਸੈਸ਼ਨ ਦੀ ਪੂਰੀ ਕਾਰਵਾਈ ਦੌਰਾਨ ਵਿਦਿਆਰਥੀਆਂ ਨੇ ਔਰਤਾਂ ਦੀ ਸੁਰੱਖਿਆ, ਕੋਵਿਡ-19 ਦੌਰਾਨ ਭਾਰਤੀ ਸਿਹਤ -ਪ੍ਰਬੰਧ ਦੀ ਕਾਰਗੁਜ਼ਾਰੀ, ਸਿੱਖਿਆ-ਪ੍ਰਬੰਧਾਂ ਦੀਆਂ ਖ਼ਾਮੀਆਂ ਅਤੇ ਭਾਰਤੀ ਫ਼ੌਜ ਭਰਤੀ ਸਕੀਮਾਂ ਬਾਰੇ ਮਤੇ ਪੇਸ਼ ਕਰਨ ਦੀ ਕਾਰਵਾਈ, ਉਨ੍ਹਾਂ 'ਤੇ ਵਿਚਾਰ-ਚਰਚਾ, ਬਹਿਸ ਤੇ ਵੱਖ-ਵੱਖ ਮਾਮਲਿਆਂ 'ਤੇ ਚਰਚਾ ਕੀਤੀ। ਵਿਦਿਆਰਥੀਆਂ ਨੂੰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਮੁਖੀ ਦੇ ਤੌਰ 'ਤੇ ਅਤੇ ਵਿਰੋਧੀ ਧਿਰ ਦੇ ਤੌਰ 'ਤੇ ਬਹਿਸ ਵਿਚ ਹਿੱਸਾ ਲੈਂਦੇ ਦੇਖਣਾ ਬਹੁਤ ਰੋਚਕ ਰਿਹਾ। ਇਸ ਪ੍ਰੋਗਰਾਮ ਦੇ ਸੰਚਾਲਨ ਦੀ ਜ਼ਿੰਮੇਵਾਰੀ ਅੰਗਰੇਜ਼ੀ ਵਿਭਾਗ ਦੇ ਡਾ. ਹਰਲੀਨ ਕੌਰ ਨੇ ਬਾਖ਼ੂਬੀ ਨਿਭਾਈ। ਉਨ੍ਹਾਂ ਨਾਲ ਡਾ. ਵਨੀਤ ਕੌਰ ਤੇ ਵਿਭਾਗ ਦੇ ਬਾਕੀ ਅਧਿਆਪਕਾਂ ਨੇ ਵੀ ਸ਼ਿਰਕਤ ਕੀਤੀ।

4 | ਪੰਜਾਬੀ ਜਾਗਰਣ ਜਲੰਧਰ 23 ਅਗਸਤ 2022

# ਮਾਡਲ ਯੂਥ ਪਾਰਲੀਮੈਂਟ ਕਰਵਾਇਆ

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਅੰਗਰੇਜ਼ੀ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਮਾਡਲ ਯੂਥ ਪਾਰਲੀਮੈਂਟ ਦਾ ਆਯੋਜਨ ਕੀਤਾ ਗਿਆ। ਇਸ ਮਾਡਲ ਯੂਥ ਪਾਰਲੀਮੈਂਟ ਦਾ ਮੁੱਖ ਉਦੇਸ਼ ਸੋਸ਼ਲ ਸ਼ਾਇੰਸ਼ਿਜ਼ ਦੇ ਵਿਦਿਆਰਥੀਆਂ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਮੁਲਕ ਭਾਰਤ ਦੀ ਪਾਰਲੀਮੈਂਟ ਦੇ ਵੱਖ-ਵੱਖ ਅੰਗਾਂ ਤੇ ਇਸ ਸੰਵਿਧਾਨਕ ਸੰਸਥਾ ਦੀ ਕਾਰਜਸ਼ੈਲੀ ਬਾਰੇ ਜਾਣਕਾਰੀ ਦੇਣਾ ਸੀ। ਇਸ ਪ੍ਰੋਗਰਾਮ ਰਾਹੀ ਵਿਦਿਆਰਥੀਆਂ ਨੂੰ ਇੱਕ ਅਜਿਹਾ ਪਲੇਟਫਾਰਮ ਮੁਹੱਈਆ ਕਰਵਾਇਆ ਗਿਆ ਜਿੱਥੇ ਉਨ੍ਹਾਂ ਨੇ ਖੁਦ ਨੂੰ ਪਾਰਲੀਮੈਂਟ ਦੇ ਮੈਂਬਰਾਂ ਦੇ ਸਥਾਨ 'ਤੇ ਰੱਖ ਕੇ ਵੱਖ-ਵੱਖ ਚਲੰਤ ਮੁੱਦਿਆਂ 'ਤੇ ਹੁੰਦੇ ਸੈਸ਼ਨਾਂ ਦੌਰਾਨ ਬਹਿਸਾਂ, ਮਤਿਆਂ ਦੀ ਪੇਸ਼ਕਾਰੀ ਅਤੇ ਦਲੀਲਾਂ 'ਚ ਸਜੀਵ ਰੂਪ 'ਚ ਭਾਗ ਲਿਆ ਤੇ ਨੀਤੀਆਂ ਬਣਾਉਣ ਦੀ ਕਾਰਵਾਈ ਚਲਾਈ।

ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਤੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆ ਕਿਹਾ ਕਿ ਭਾਰਤੀ ਪਾਰਲੀਮੈਂਟ ਇਸ ਤੱਥ ਦੀ ਸ਼ਾਨਦਾਰ ਉਦਾਹਰਣ ਹੈ ਕਿ ਭਾਰਤ ਵਰਗਾ ਇੰਨੀਆਂ ਵਿਭਿੰਨਤਾਵਾਂ, ਵਖਰੇਵਿਆਂ ਤੇ ਸ਼੍ਰੇਣੀਆਂ-ਵਰਗਾਂ ਵਾਲਾ ਮੁਲਕ ਆਪਣੀਆਂ ਨੀਤੀਆਂ ਤੇ ਪ੍ਰੋਗਰਾਮਾਂ ਦਾ ਨਿਰਮਾਣ ਕਿਵੇਂ ਕਰਦਾ ਹੈ। ਉਨ੍ਹਾਂ ਨੇ ਸੰਵਿਧਾਨਿਕ ਮੁੱਲਾਂ ਤੇ ਆਜ਼ਾਦੀ-ਸੰਗਰਾਮ ਦੀਆਂ ਕਦਰਾਂ-ਕੀਮਤਾਂ ਨੂੰ ਯਾਦ ਰੱਖਣ ਦਾ ਸੱਦਾ ਦਿੱਤਾ।



ਮੋਦੀ ਕਾਲਜ ਪਟਿਆਲਾ ਵਿਖੇ ਮਾਡਲ ਯੂਥ ਪਾਰਲੀਮੈਂਟ ਉਪਰੰਤ ਯਾਦਗਾਰੀ ਫੋਟੋ ਕਰਾਵਉਂਦੇ ਹੋਏ ਪ੍ਰਿੰਸੀਪਲ, ਸਟਾਫ ਤੇ ਵਿਦਿਆਰਥੀ।

ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਪ੍ਰੋ. ਬਲਵੀਰ ਸਿੰਘ ਨੇ ਕਿਹਾ ਕਿ ਅੱਜ ਦਾ ਨੌਜਵਾਨ ਕੱਲ੍ਹ ਦਾ ਨੇਤਾ ਹੈ ਅਤੇ ਵਿਦਿਆਰਥੀਆਂ ਨੂੰ ਭਾਰਤ ਦੇ ਚੋਣ-ਪ੍ਰਬੰਧ ਤੇ ਸੰਸਦੀ-ਪ੍ਰਣਾਲੀ ਬਾਰੇ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ।

ਕਾਲਜ ਦੇ ਵਾਈਸ-ਪ੍ਰਿੰਸੀਪਲ ਪ੍ਰੋ. ਸ਼ੈਲੇਂਦਰਾ ਸਿੱਧੂ ਨੇ ਵਿਦਿਆਰਥੀਆਂ ਨੂੰ ਇਸ ਜਾਣਕਾਰੀ ਭਰਪੂਰ ਸੈਸ਼ਨ ਆਯੋਜਿਤ ਕਰਨ ਲਈ ਵਧਾਈ ਦਿੱਤੀ।ਕਾਲਜ ਦੇ ਡੀਨ, ਸਟੂਡੈਂਟ ਭਲਾਈ ਪ੍ਰੋ. ਵੇਦ ਪ੍ਰਕਾਸ਼ ਸ਼ਰਮਾ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਸੰਸਦ ਦੇ ਕੰਮ-ਕਾਜ ਬਾਰੇ ਵਿਸਥਾਰ 'ਚ ਜਾਣਕਾਰੀ ਪ੍ਰਦਾਨ ਕਰਨ ਦਾ ਕੰਮ ਕਰਦੇ ਹਨ। ਇਸ ਮੌਕੇ ਪ੍ਰੋ. ਸ਼ੈਲੇਦਰਾ ਸਿੱਧੂ, ਪ੍ਰੋ.ਵੇਦ ਪ੍ਰਕਾਸ਼ ਸ਼ਰਮਾ ਨਾਲ ਜੱਜ ਦੀ ਭੂਮਿਕਾ ਨਿਭਾ ਰਹੇ ਪ੍ਰੋ. ਜਗਦੀਪ ਕੌਰ ਨੇ ਕਿਹਾ ਕਿ ਇਸ ਸੈਸ਼ਨ ਦੌਰਾਨ ਵਿਦਿਆਰਥੀਆਂ ਦੁਆਰਾ ਉਠਾਏ ਰਾਸ਼ਟਰੀ ਮੁੱਦੇ ਬੇਹੱਦ ਮਹਤੱਵਪੂਰਨ ਹਨ ਤੇ ਧਿਆਨ ਦੀ ਮੰਗ ਕਰਦੇ ਹਨ। ਇਸ ਪ੍ਰੋਗਰਾਮ ਦੇ ਸੰਚਾਲਨ ਦੀ ਜ਼ਿੰਮੇਵਾਰੀ ਅੰਗਰੇਜ਼ੀ ਵਿਭਾਗ ਦੇ ਡਾ. ਹਰਲੀਨ ਕੌਰ ਨੇ ਬਾਖੂਬੀ ਨਿਭਾਈ। ਉਨ੍ਹਾਂ ਨਾਲ ਡਾ. ਵਨੀਤ ਕੌਰ ਤੇ ਵਿਭਾਗ ਦੇ ਹੋਰ ਅਧਿਆਪਕਾਂ ਨੇ ਵੀ ਸ਼ਿਰਕਤ ਕੀਤੀ।

पटियाला केसरी
मंगलवार TUESDAY 23 अगस्त 2022

# मुल्तानी मल मोदी कॉलेज पटियाला में किया माडल यूथ पार्लियामैंट का आयोजन



मुल्तानी मल मोदी कालेज में स्टाफ मैंबर व अधिकारी। (सुखविंदर)

पटियाला, 22 अगस्त (जोसन): मुल्तानी मल मोदी कॉलेज, पटियाला के अंग्रेजी विभाग द्वारा आज विद्यार्थियों के लिए एक माडल यूथ पार्लियमैंट का आयोजन किया गया। इस माडल यूथ पार्लियमैंट का मुख्य उद्देश्य सोशल साइंसिज के विद्यार्थियों को दुनिया के सबसे बड़े लोकतांत्री देश भारत की पार्लियमैंट के विभिन्न अंगों व इस संविधानिक संस्था की कार्यशैली बारे जानकारी देना था।

इस प्रोग्राम द्वारा विद्यार्थियों को एक ऐसा प्लेटफार्म उपलब्ध करवाया गया है, जहां उन्होंने खुद को पार्लियमैंट के मैंबरों के स्थान पर रखकर विभिन्न मुद्दों पर होते सैशनों दौरान बहसों, प्रस्तावों की पेशकारी तथा दलीलों में संजीव रूप में हिस्सा लिया और नीतियां बनाने की कार्रवाई चलाई।

इस मौके कालेज प्रिंसीपल डा. खुशविंदर कुमार ने विद्यार्थियों को संबोधित करते हुए कहा कि भारतीय पार्लियामैंट इस तथ्य की शानदार उदाहरण है कि भारत जैसे इतनी विभिन्नताएं, विवरणों व श्रेणियों जैसो देश अपनी नीतियों व प्रोग्रामों का निर्माण कैसे करता है।

उन्होंने संविधानिक मूल्यों व आजादी संग्राम की नैतिक मूल्यों को याद रखने का आह्वान दिया।

इस मौके विशेष तौर पर प्रो. बलवीर सिंह पूर्व प्रोफैसर पंजाबी विभाग ने कहा कि आज का नौजवान कल का नेता है तथा विद्यार्थियों को भारत के चुनाव प्रबंध व संसदीय प्रणाली बारे जागरूक होना बहुत जरूरी है। इस मौके वाइस प्रिंसीपल प्रो. शैलेंदर सिद्धू ने भी विद्यार्थियों को इस जानकारी भरपूर सैशन आयोजित करने के लिए बधाई दी।

ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ (ਮੰਗਲਵਾਰ, 23 ਅਗਸਤ 2022)

# ਮੋਦੀ ਕਾਲਜ ਵਿਖੇ ਮਾਡਲ ਯੂਥ ਪਾਰਲੀਮੈਂਟ

ਪਟਿਆਲਾ, 22 ਅਗਸਤ (ਚ.ਨ.ਸ.): ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਅੰਗਰੇਜ਼ੀ ਵਿਭਾਗ ਵੱਲੋਂ ਅੱਜ ਵਿਦਿਆਰਥੀਆਂ ਲਈ ਇੱਕ ਮਾਡਲ ਯੂਥ ਪਾਰਲੀਮੈਂਟ ਦਾ ਆਯੋਜਨ ਕੀਤਾ ਗਿਆ। ਇਸ ਮਾਡਲ ਯੂਥ ਪਾਰਲੀਮੈਂਟ ਦਾ ਮੁੱਖ ਉਦੇਸ਼ ਸਸ਼ਲ ਸਾਇੰਸਿਜ਼ ਦੇ ਵਿਦਿਆਰਥੀਆਂ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਮੁਲਕ ਭਾਰਤ ਦੀ ਪਾਰਲੀਮੈਂਟ ਦੇ ਵੱਖ-ਵੱਖ ਅੰਗਾਂ ਤੇ ਇਸ ਸੰਵਿਧਾਨਕ ਸੰਸਥਾ ਦੀ ਕਾਰਜਸ਼ੈਲੀ ਬਾਰੇ ਜਾਣਕਾਰੀ ਦੇਣਾ ਸੀ। ਇਸ ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਨੂੰ ਇੱਕ ਅਜਿਹਾ ਪਲੇਟਫਾਰਮ ਮਹਈਆ ਕਰਵਾਇਆ ਗਿਆ ਜਿੱਥੇ ਉਹਨਾਂ ਨੇ ਖੁਦ ਨੂੰ ਪਾਰਲੀਮੈਂਟ ਦੇ ਮੈਂਬਰਾਂ ਦੇ ਸਥਾਨ 'ਤੇ ਰੱਖ ਕੇ ਵੱਖ-ਵੱਖ ਚਲੰਤ ਮੁੱਦਿਆਂ 'ਤੇ ਹੁੰਦੇ ਸੈਸ਼ਨਾਂ ਦੌਰਾਨ ਬਹਿਸਾਂ, ਮਤਿਆਂ ਦੀ ਪੇਸ਼ਕਾਰੀ ਅਤੇ ਦਲੀਲਾਂ ਵਿੱਚ ਸਜੀਵ ਰੂਪ ਵਿੱਚ ਭਾਗ ਲਿਆ ਤੇ ਨੀਤੀਆਂ ਬਣਾਉਣ ਦੀ ਕਾਰਵਾਈ ਚਲਾਈ। ਕਾਲਜ ਪ੍ਰਿੰਸੀਪਲ ਡਾ.ਖੁਸ਼ਵਿੰਦਰ ਕਮਾਰ ਨੇ ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਭਾਰਤੀ ਪਾਰਲੀਮੈਂਟ ਇਸ ਤੱਥ ਦੀ ਸ਼ਾਨਦਾਰ ਉਦਾਹਰਣ ਹੈ ਕਿ ਭਾਰਤ ਵਰਗਾ ਇੰਨੀਆਂ ਵਿਭਿੰਨਤਾਵਾਂ, ਵਖਰੇਵਿਆਂ ਤੇ ਸ਼੍ਰੇਣੀਆਂ-ਵਰਗਾਂ ਵਾਲਾ ਮੁਲਕ ਆਪਣੀਆਂ ਨੀਤੀਆਂ ਤੇ ਪ੍ਰੋਗਰਾਮਾਂ ਦਾ ਨਿਰਮਾਣ ਕਿਵੇਂ ਕਰਦਾ ਹੈ। ਇਸ ਮੌਕੇ 'ਤੇ ਉਚੇਚੇ ਤੌਰ 'ਤੇ ਪਹੁੰਚੇ ਪ੍ਰੋ. ਬਲਵੀਰ ਸਿੰਘ (ਸਾਬਕਾ ਪ੍ਰੋਫੈਸਰ, ਪੰਜਾਬੀ ਵਿਭਾਗ) ਨੇ ਕਿਹਾ ਕਿ ਅੱਜ ਦਾ ਨੌਜਵਾਨ ਕੱਲ ਦਾ ਨੇਤਾ ਹੈ, ਅਤੇ ਵਿਦਿਆਰਥੀਆਂ ਨੂੰ ਭਾਰਤ ਦੇ ਚੋਣ-ਪ੍ਰਬੰਧ ਤੇ ਸੰਸਦੀ-ਪ੍ਰਣਾਲੀ ਬਾਰੇ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ ਕਾਲਜ ਦੇ ਵਾਈਸ-ਪ੍ਰਿੰਸੀਪਲ ਪ੍ਰੋ. ਸ਼ੈਲੇਂਦਰਾ ਸਿੱਧੂ ਨੇ



ਵਿਦਿਆਰਥੀਆਂ ਨੂੰ ਇਸ ਜਾਣਕਾਰੀ ਭਰਪੂਰ ਸੈਸ਼ਨ ਆਯੋਜਿਤ ਕਰਨ ਲਈ ਵਧਾਈ ਦਿੱਤੀ। ਕਾਲਜ ਦੇ ਡੀਨ, ਸਟੂਡੈਂਟ ਭਲਾਈ ਪ੍ਰੋ. ਵੇਦ ਪ੍ਰਕਾਸ਼ ਸ਼ਰਮਾ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਸੰਸਦ ਦੇ ਕੰਮ-ਕਾਜ ਬਾਰੇ ਵਿਸਥਾਰ ਵਿੱਚ ਜਾਣਕਾਰੀ ਪ੍ਰਦਾਨ ਕਰਨ ਦਾ ਕੰਮ ਕਰਦੇ ਹਨ। ਇਸ ਮੌਕੇ ਪ੍ਰੋ. ਸ਼ੈਲੇਂਦਰਾ ਸਿੱਧੂ, ਪ੍ਰੋ.ਵੇਦ ਪ੍ਰਕਾਸ਼ ਸ਼ਰਮਾ ਨਾਲ ਜੱਜ ਦੀ ਭੂਮਿਕਾ ਨਿਭਾ ਰਹੇ ਪ੍ਰੋ. ਜਗਦੀਪ ਕੌਰ ਨੇ ਕਿਹਾ ਕਿ ਇਸ ਸੈਸ਼ਨ ਦੌਰਾਨ ਵਿਦਿਆਰਥੀਆਂ ਦੁਆਰਾ ਉਠਾਏ, ਰਾਸ਼ਟਰੀ ਮੁੱਦੇ ਬੇਹੱਦ ਮਹਤੱਵਪੂਰਨ ਹਨ ਤੇ ਧਿਆਨ ਦੀ ਮੰਗ ਕਰਦੇ ਹਨ। ਇਸ ਪ੍ਰੋਗਰਾਮ ਦੇ ਸੰਚਾਲਨ ਦੀ ਜ਼ਿੰਮੇਵਾਰੀ ਅੰਗਰੇਜ਼ੀ ਵਿਭਾਗ ਦੇ ਡਾ.ਹਰਲੀਨ ਕੌਰ ਨੇ ਬਾਖੂਬੀ ਨਿਭਾਈ। ਉਹਨਾਂ ਨਾਲ ਡਾ.ਵਨੀਤ ਕੌਰ ਤੇ ਵਿਭਾਗ ਦੇ ਬਾਕੀ ਅਧਿਆਪਕਾਂ ਨੇ ਵੀ ਸ਼ਿਰਕਤ ਕੀਤੀ।